This question paper consists of 34 questions and 8 printed pages.
ਇਸ ਪ੍ਰਸ਼ਨ-ਪੱਤਰ ਵਿੱਚ 34 ਪ੍ਰਸ਼ਨ ਹਨ ਅਤੇ 8 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ | | | | | | | | | | | | |

Code No. 42/S/A/P

# ਪੰਜਾਬੀ
# (210)

ਪਰਿਖਿਆ ਦਾ ਦਿਨ ਅਤੇ ਮਿਤੀ ________________

ਨਿਰੀਖਕਾਂ ਦੇ ਦਸਖ਼ਤ 1. ________________

2. ________________

## ਆਮ ਨਿਰਦੇਸ਼ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੇ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰਿਅਲ) ਅਨੁਸਾਰ ਹੋਵੇ ।

3 ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

4 ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿਤਾ ਜਾਵੇਗਾ ।

5 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪ੍ਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

6 ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ 42/S/A/P ਜ਼ਰੂਰ ਲਿਖੋ ।

# ਪੰਜਾਬੀ
# (210)

Time : **3** Hours ] [Maximum Marks : **100**

ਸਮਾਂ : 3 ਘੰਟੇ ] [ ਕੁੱਲ ਅੰਕ : **100**

ਨੋਟ :- (1) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਉੱਤਰ ਲਿਖੋ ।

(3) ਪ੍ਰਸ਼ਨ 1–11 ਤੱਕ ਦੇ ਚਾਰ-ਚਾਰ ਵਿਕਲਪਿਤ ਉੱਤਰ ਦਿੱਤੇ ਹੋਏ ਹਨ, ਸਹੀ ਵਿਕਲਪ ਨੂੰ ਹੀ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ ।

1 ਹੇਠ ਲਿਖੀ ਤੁੱਕ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਦਿੱਤੇ ਗਏ ਉੱਤਰਾ ਵਿੱਚੋ ਸਹੀ ਛਾਂਟ ਕੇ ਆਪਣੀ ਉੱਤਰ ਪੁਸ਼ਤਕਾ ਵਿੱਚ ਲਿਖੋ । **1×11=11**

'ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸ਼'

ਇਸ ਸ਼ਲੋਕ ਵਿੱਚ ਫਰੀਦ ਜੀ ਨੇ ਕਿਸ ਗੱਲ ਦਾ ਪਰਗਟਾਵਾ ਕੀਤਾ ਹੈ ?

(A) ਮੁਰਦਾ ਸ਼ਰੀਰ ਦਾ

(B) ਮੌਤ ਦੀ ਭਿਆਨਕਤਾ ਦਾ

(C) ਪਿਆਰੇ ਦੇ ਮਿਲਣ ਦਾ

(D) ਪਿਆਰੇ ਦੇ ਨਜ਼ਦੀਕ ਹੋਣ ਦਾ

2 'ਸੀਤਾ ਸੰਦੇਸ਼' ਕਵਿਤਾ ਵਿੱਚ :

(A) ਸੀਤਾ ਅਯੋਧਿਆ ਵਿੱਚ ਬੈਠੀ ਹੈ

(B) ਸੀਤਾ ਪੰਚਵਟੀ ਵਿੱਚ ਬੈਠੀ ਹੈ

(C) ਸੀਤਾ ਨੂੰ ਉਪਦੇਸ਼ ਦਿੱਤਾ ਗਿਆ ਹੈ

(D) ਸੀਤਾ ਰਾਮ ਦੇ ਵਿਛੋੜੇ ਕਰਕੇ ਦੁਖੀ ਹੈ

3 'ਸਭਿਆਚਾਰ ਅਤੇ ਪੰਜਾਬੀ ਸਭਿਆਚਾਰ' ਪਾਠ ਵਿੱਚ ਆਏ ਹਵਾਲੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ :

(A) ਬਾਣੀ ਰਚੀ

(B) ਨੀਲਾ ਬਾਣਾ ਫਾੜਿਆ

(C) ਪਹਾੜੀ ਰਾਜਿਆਂ ਨਾਲ ਯੁੱਧ ਲੜੇ

(D) ਖਾਲਸਾ ਪੰਥ ਸਾਜਿਆ

4 'ਜੈਸ਼ੀ ਮੈਂ ਆਵੈ ਖਸਮ ਕਿ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ'
ਉਪਰੋਕਤ ਪੰਗਤੀ ਵਿੱਚ ਖਸਮ ਕੌਣ ਹੈ ?
(A) ਇੱਕ ਇਸਤਰੀ ਆਪਣੇ ਪਤੀ ਦੀ ਗੱਲ ਭਾਈ ਲਾਲੋ ਨੂੰ ਕਹਿ ਰਹੀ ਹੈ
(B) ਇੱਕ ਇਸਤਰੀ ਦਾ ਪਤੀ ਹੈਂ
(C) ਗੁਰੂ ਨਾਨਕ ਦੇਵ ਜੀ ਆਪਣੇ ਪ੍ਰਭੂ ਦੀ ਗੱਲ ਭਾਈ ਲਾਲੋ ਨੂੰ ਕਹਿ ਰਹੇ ਹਨ
(D) ਕਵਿਤਰੀ ਆਪਣੇ ਪਤੀ ਦੀ ਗੱਲ ਭਾਈ ਲਾਲੋ ਨੂੰ ਕਹਿ ਰਹੀ ਹੈ

5 ਸ਼੍ਰੀਮਤੀ ਸਚਦੇਵਾ ਲੇਖਕ (ਬਲਵੰਤ ਗਾਰਗੀ) ਨੂੰ ਨਹਾਉਣ ਲਈ ਗਰਮ ਪਾਣੀ ਕਿਉਂ ਨਹੀਂ ਸੀ ਦਿੰਦੀ ?
(A) ਪਾਣੀ ਗਰਮ ਕਰਨ ਲਈ ਵੱਡਾ ਬਰਤਨ ਨਹੀਂ ਸੀ
(B) ਪਾਣੀ ਗਰਮ ਕਰਣ ਲਈ ਗੈਸ ਨਹੀਂ ਸੀ
(C) ਉੱਥੇ ਸਭ ਠੰਡੇ ਪਾਣੀ ਨਾਲ ਨਹਾਉਂਦੇ ਸਨ
(D) ਘਰ ਵਿੱਚ ਗਰਮ ਪਾਣੀ ਨਹੀਂ ਸੀ

6 'ਚਮਗਿਦੜ ਦੇ ਗੂੰਜ ਯੰਤਰ' ਨੂੰ ਅਧਾਰ ਬਣਾਕੇ ਇੱਕ ਯੰਤਰ ਬਣਾਉਂਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ?
(A) ਪੰਛੀਆਂ ਦੀਆਂ ਆਵਾਜ਼ਾ ਸਮਝਣ ਲਈ
(B) ਪਸ਼ੂਆਂ ਦੀਆਂ ਆਵਾਜ਼ ਸਮਝਣ ਲਈ
(C) ਨੇਤਰ-ਹੀਣ ਮਨੁੱਖਾਂ ਲਈ ਗੂੰਜ ਯੰਤਰ ਬਣਾਉਣ ਦੀ
(D) ਗੂੰਗੇ ਬਹਿਰੇ ਲਈ ਗੂੰਜ-ਯੰਤਰ ਬਣਾਉਣ ਦੀ

7 'ਕੰਨ ਭਰਨੇ' ਮੁਹਾਵਰੇ ਦਾ ਅਰਥ ਹੈ :
(A) ਕੰਨਾਂ ਵਿੱਚ ਰੂਈ ਪਾਉਣੀ
(B) ਕੰਨਾ ਵਿੱਚ ਜ਼ੇਵਰ ਪਾਉਣੇ
(C) ਕਿਸੇ ਦੇ ਵਿੱਰੁਧ ਉਕਸਾਉਣਾ
(D) ਕੰਨਾਂ ਵਿੱਚ ਹੌਲੀ ਹੌਲੀ ਬੋਲਣਾ

8 'ਭੇਦ ਛੁਪਾਈ ਰਖਣਾ' ਦਾ ਸਹੀ ਮੁਹਾਵਰਾ ਹੈ :
(A) ਸਿਰ ਫੜ ਕੇ ਬਹਿਣਾ
(B) ਭਾਰ ਚੁੱਕੀ ਫਿਰਨਾ
(C) ਝੋਲੀ ਵਿੱਚ ਗੁੜ ਭੰਨਣਾ
(D) ਅੱਖ ਮਾਰਨਾ

9 'ਲਕੀਰ ਦੇ ਫਕੀਰ' ਦਾ ਅਰਥ ਹੈ :

(A) ਲਕੀਰ ਨੂੰ ਮਿਟਾਉਣ ਵਾਲਾ

(B) ਗਲੀ ਵਿੱਚ ਜਾਕੇ ਮੰਗਣ ਵਾਲਾ

(C) ਪੁਰਾਣੇ ਵਿਚਾਰਾਂ ਉੱਤੇ ਹੀ ਚਲਣ ਵਾਲਾ

(D) ਮੰਦਰ ਦੇ ਬਾਹਰ ਬੈਠ ਕੇ ਮੰਗਨ ਵਾਲਾ

10 'ਅਖਾਣ' :

(A) ਕੋਈ ਖਾਸ ਅਸਰ ਨਹੀਂ ਰੱਖਦਾ

(B) ਜਿੰਦਗੀ ਨਾਲ ਸੰਬੰਧ ਰਖਦਾ ਹੈ

(C) ਜਿੰਦਗੀ ਦੀ ਸਚਾਈ ਨੂੰ ਪੇਸ਼ ਕਰਦਾ ਹੈ

(D) ਭਾਸ਼ਾ ਨੂੰ ਅਸਰਦਾਰ ਬਣਾਉਂਦਾ ਹੈ

11 ਹੇਠ ਲਿਖੇ ਸ਼ਬਦਾਂ ਵਿੱਚੋਂ ਇਸਤਰੀ ਲਿੰਗ ਕਿਹੜਾ ਸ਼ਬਦ ਹੈ ?

(A) ਬਸਤਾ (B) ਗ੍ਰੰਥ

(C) ਪੁਸਤਕ (D) ਪੈੱਨ

12 'ਨਸ਼ਿਆਂ ਦੀ ਗਲਤ ਪ੍ਰਵਿਰਤੀ ਵਿਅੱਕਤੀ ਨੂੰ ਆਰਥਕ ਤੇ ਸ਼ਰੀਰਕ ਤੌਰ ਤੇ ਬਰਬਾਦ ਕਰਕੇ ਰੱਖ ਦਿੰਦੀ ਹੈ, ਇਸ ਕਰਕੇ ਨੌਜਵਾਨ ਵਰਗ ਨੂੰ ਇਸ ਪ੍ਰਵਿਰਤੀ ਤੋਂ ਬਚਣਾ ਚਾਹੀਦਾ ਹੈ । ਕਈ ਨੌਜਵਾਨ ਪੜ੍ਹਾਈ ਦੇ ਲਈ ਲੋੜੀਂਦੇ ਜ਼ਰੂਰੀ ਸਾਧਨਾ ਦੀ ਘਾਟ ਦਾ ਹਵਾਲਾ ਦੇਕੇ ਮਿਹਨਤ ਕਰਨ ਤੋਂ ਭਜਦੇ ਰਹਿੰਦੇ ਹਨ ਤੇ ਕਈ "ਅੱਜ ਲਾਇਟ ਬੰਦ ਰਹੀ ਹੈ" "ਮੂਡ ਨਹੀਂ ਹੈ" "ਕੱਲ ਕਰ ਲਵਾਂ ਗੇ" ਦਾ ਬਹਾਨਾ ਬਣਾਕੇ ਮਿਹਨਤ ਤੋਂ ਮੂੰਹ ਮੋੜ ਲੈਂਦੇ ਹਨ ਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ । ਜਿੱਥੋਂ ਇਹਨਾਂ ਦਾ ਫਿਰ ਨਿਕਲਣਾ ਔਖਾ ਹੋ ਜਾਂਦਾ ਹੈ । ਅਜਿਹੇ ਨੌਜਵਾਨਾ ਨੂੰ ਇਬਰਾਹੀਮ ਲਿੰਕਨ ਤੇ ਚਾਰਲੀ ਚੈਪਲਿਨ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ । ਇਬਰਾਹੀਮ ਲਿੰਕਨ ਜੋ ਘਰ ਦੀਆਂ ਤੰਗੀਆਂ ਦੇ ਬਾਵਜੂਦ ਅਮਰੀਕਾ ਦਾ ਰਾਸ਼ਟਰਪਤੀ ਬਣਿਆ । ਉਸਨੇ ਅਵੇਸਲੇ ਪਨ ਦਾ ਤਿਆਗ ਕੀਤਾ ਅਤੇ ਪੱਕੇ ਇਰਾਦੇ, ਮਿਹਨਤ ਦੇ ਬਲਬੂਤੇ ਤੇ ਸਫ਼ਲਤਾ ਪ੍ਰਾਪਤ ਕੀਤੀ । ਵਿਸ਼ਵ ਪ੍ਰਸਿਧ ਹਾਸਰਸ ਕਲਾਕਾਰ ਚਾਰਲੀ ਚੈਪਲਿਨ ਆਪਣੀ ਮਿਹਨਤ, ਕਾਬਲੀਅਤ ਤੇ ਦ੍ਰਿੜ ਇਰਾਦੇ ਸਦਕਾ ਹੀ ਸਾਰੀ ਦੁਨੀਆਂ ਨੂੰ ਹਸਾਉਂਦਾ ਰਿਹਾ ।'

(ੳ) ਨੌਜਵਾਨ ਵਰਗ ਨੂੰ ਕਿਸ ਪ੍ਰਵਿਰਤੀ ਤੋਂ ਬਚਣਾ ਚਾਹੀਦਾ ਹੈ ? 1

(A) ਵਧੀਆਂ ਖਾਣ ਪੀਣ ਦੀ ਆਦਤ ਤੋਂ

(B) ਸੈਰ ਸਪਾਟੇ ਦੀ ਆਦਤ ਤੋਂ

(C) ਨਸ਼ਿਆਂ ਦੀ ਗਲਤ ਪ੍ਰਵਿਰਤੀ ਤੋਂ

(D) ਬਜ਼ਾਰ ਦਾ ਖਾਣ-ਪੀਣ ਤੋਂ

(ਅ) ਕਈ ਨੌਜਵਾਨ ਪੜ੍ਹਾਈ ਦੀ ਮਿਹਨਤ ਤੋਂ ਬਚਣ ਲਈ ਕਿਹੜਾ ਬਹਾਨਾ ਨਹੀਂ ਬਣਾਉਂਦੇ ? 1

(A) ਅੱਜ ਲਾਇਟ ਬੰਦ ਰਹੀ

(B) ਮੂਡ ਨਹੀਂ ਹੈ

(C) ਅੱਜ ਭੁੱਖ ਨਹੀਂ ਹੈ

(D) ਕੱਲ ਕਰ ਲਵਾਂ ਗੇ

(ੲ) ਇਸ ਪੈਰੇ ਵਿੱਚ ਕਿਹੜੇ ਵਿਸ਼ਵ ਪ੍ਰਸਿਧ ਹਾਸਰਸ ਕਲਾਕਾਰ ਦੀ ਚਰਚਾ ਹੋਈ ਹੈ ? 1

(ਸ) ਇਬਰਾਹੀਮ ਲਿੰਕਨ ਕਿਸ ਉੱਚੇ ਅਹੁਦੇ ਤੱਕ ਪਹੁੰਚਿਆ ? 1

(ਹ) ਨਸ਼ਿਆ ਦੀ ਗ਼ਲਤ ਪ੍ਰਵਿਰਤੀ ਨੌਜਵਾਨਾਂ ਉੱਪਰ ਕਿਹੋ ਜਿਹਾ ਪ੍ਰਭਾਵ ਪਾਉਂਦੀ ਹੈ ? 2

(ਕ) ਨਸ਼ਿਆ ਵਿੱਚ ਫਸੇ ਨੌਜਵਾਨਾਂ ਨੂੰ ਕਿਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ? 2

(ਖ) ਕਿਹੜੇ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਪੈ ਜਾਂਦੀ ਹੈ ? 2

(ਗ) ਇਬਰਾਹੀਮ ਲਿੰਕਨ ਨੇ ਸਫ਼ਲਤਾ ਹਾਸਲ ਕਰਨ ਲਈ ਕੀ ਕੀਤਾ ? 2

(ਘ) ਦਿੱਤੇ ਪੈਰੇ ਦਾ ਸਿਰਲੇਖ ਲਿਖੋ । 1

13 "ਜੈਸੀ ਮੈਂ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ ।
ਪਾਪ ਦੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨ ਵੇ ਲਾਲੋ"

(ੳ) ਇਹ ਬਾਣੀ ਕਿਸ ਗੁਰੂ ਸਾਹਿਬ ਜੀ ਦੀ ਹੈ ? 1

(A) ਗੁਰੂ ਅਰਜਨ ਦੇਵ ਜੀ ਦੀ

(B) ਗੁਰੂ ਅਮਰਦਾਸ ਜੀ ਦੀ

(C) ਗੁਰੂ ਨਾਨਕ ਦੇਵ ਜੀ ਦੀ

(D) ਗੁਰੂ ਰਾਮਦਾਸ ਜੀ ਦੀ

(ਅ) ਲਾਲੋ ਕੌਣ ਹੈ ਜਿਸ ਨੂੰ ਗੁਰੂ ਜੀ ਗਿਆਨ ਦੇਣਾ ਚਾਹੁੰਦੇ ਹਨ । 1

(A) ਗੁਰੂ ਜੀ ਦੇ ਪਿੰਡ ਦਾ ਬੰਦਾ

(B) ਗੁਰੂ ਜੀ ਦੇ ਨਾਲ ਰਹਿਣ ਵਾਲਾ

(C) ਗੁਰੂ ਜੀ ਦਾ ਸ਼ਰਧਾਲੂ ਜਿਸ ਦੇ ਘਰ ਗੁਰੂ ਜੀ ਠਹਿਰੇ ਸਨ

(D) ਗੁਰੂ ਜੀ ਦੇ ਦਰਬਾਰ ਵਿੱਚ ਰਹਿਣ ਵਾਲਾ

(ੲ) ਖਸਮ ਕੌਣ ਹੈ ? ਜਿਸ ਤੋਂ ਗੁਰੂ ਜੀ ਨੂੰ ਬਾਣੀ ਆ ਰਹੀ ਹੈ । 2

(ਸ) ਪਾਪ ਦੀ ਜੰਞ ਲੈਕੇ ਕਾਬੁਲ ਤੋਂ ਕੌਣ ਆਏਗਾ ? ਤੇ ਉਹ ਕੀ ਪਾਪ ਕਰੇਗਾ । 2

14 'ਧਰਤੀ ਹੇਠਲਾ ਬਲਦ' ਕਹਾਣੀ ਦੇ ਪਾਤਰ ਬਾਪੂ ਦਾ ਸੁਭਾਅ ਕਿਹੋ ਜਿਹਾ ਹੈ ? 1

15 'ਪਿਸ਼ਾਵਰ' ਦੇ 'ਸਦਰ' ਇਲਾਕੇ ਵਿੱਚ ਕਿਹੜੇ ਲੋਕ ਰਹਿੰਦੇ ਸਨ ? 1

16 ਲੋਕ ਵਿਸ਼ਵਾਸ ਅਨੁਸਾਰ ਮਰਨ ਪਿੱਛੋਂ ਫੁੱਲ ਜਾਂ ਤਾਰਾ ਹੌਣ ਬਣਦਾ ਹੈ ? 1

17 'ਅਸਾਂ ਤਾਂ ਜੋਬਣ ਰੁੱਤੇ ਮਰਨਾ' ਕਵਿਤਾ ਵਿੱਚ ਕਵੀ ਜੋਬਨ ਰੁੱਤੇ ਕਿਉਂ ਮਰਨਾ ਚਾਹੁੰਦਾ ਹੈ ? 1

18 ਝੂਠ ਬੋਲਣਾ ਕਦੋਂ ਪਾਪ ਨਹੀਂ ਹੁੰਦਾ ? 'ਝੂਠ ਤੇ ਸੱਚ' ਪਾਠ ਦੇ ਅਧਾਰ ਤੇ ਲਿਖੋ । 2

19 ਸਕਰਮਕ ਕਿਰਿਆ ਬਾਰੇ ਉਦਾਹਰਨ ਸਹਿਤ ਸਪਸ਼ਟ ਕਰੋ । 2

20 ਹੇਠ ਲਿਖੇ ਨਾਂਵ ਸ਼ਬਦਾਂ ਤੋ ਵਿਸ਼ੇਸ਼ਣ ਬਣਾਉਂ । 2

ਆਲਸ, ਅਕਲ, ਇਮਾਨ, ਸੁੰਦਰਤਾ

21 ਹੇਠ ਲਿਖੇ ਮੁਹਾਵਰਿਆਂ ਨੂੰ ਇਸ ਪ੍ਰਕਾਰ ਆਪਣੇ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ (ਕੋਈ ਦੋ) 2

(i) ਲੱਕ ਤੋੜਨਾ

(ii) ਮੂੰਹ ਕਾਲਾ ਕਰਨਾ

(iii) ਮੂੰਹ ਨੂੰ ਲਹੂ ਲਗਣਾ

22 ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ : 2

ਵਿਹਲੜ, ਦਾਤਾ, ਸਖੱਣ, ਸੰਘਣਾ

23 ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ : 2

ਦਵਾ, ਹੱਟੀ, ਨਹਿਰ, ਪੈੜ

24 ਹੇਠ ਲਿਖੇ ਅੱਧੂਰੇ ਅਖਾਣ ਪੂਰੇ ਕਰੋ : 2

(i) ................ ਲਾਲ ਲਗਾਮ ।

(ii) ................ ਗਵਾਹ ਚੁਸਤ ।

25 ਹੇਠ ਲਿਖਿਆਂ ਦੇ ਸ਼ਮਾਸੀ ਸ਼ਬਦ ਬਣਾਉਂ : 2

(i) ਸਾਗਰ ਦਾ ਵਿਗਿਆਨੀ

(ii) ਕੌੜੀ ਤੇ ਕਸੈਲੀ

(iii) ਛੈਲ ਤੇ ਛਬੀਲੀ

(iv) ਨਾਦਰਸ਼ਾਹ ਵਰਗੀ ਲੁੱਟ

26 ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ : 1×4=4

(i) ਸਾਵਧਾਨ ਜੇ ਨਾ ਹੁੰਦੀ ਆਰੁਸ਼ੀ ਤਾਂ ਉਸਦਾ ਪੈਰ ਫਿਸਲ ਜਾਣਾ ਸੀ ।

(ii) ਜੋ ਕਰੇਗਾ ਮਿਹਨਤ ਪਹੁੰਚੋਗੇ ਮੰਜਲ ਤੇ ਤਾਂ ਹੀ ।

(iii) ਕਰ ਦਾ ਕੰਮ ਲਿਆ ਹੈ ਕਰ ਮੈਂ ।

(iv) ਅਸੀਂ ਜਾਵਾਂ ਗੇ ਰੇਲ ਗੱਡੀ ਰਾਹੀਂ ਹਜ਼ੂਰ ਸਾਹਿਬ ।

27 ਹੇਠ ਲਿਖੇ ਪੈਰੇ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉਂ । 1+3=4

'ਭਾਰਤ ਵਰਸ਼ ਇੱਕ ਵਿਸ਼ਾਲ ਦੇਸ ਹੈ । ਸਭਿਆਚਾਰਕ ਤੌਰ ਤੇ ਭਾਵੇਂ ਸਾਡਾ ਦੇਸ ਇੱਕ ਮੁੱਠ ਹੈ, ਪਰ ਹਾਲੀ ਅਸੀਂ ਉਹ ਬੰਧਨ ਪੱਕੇ ਕਰਨੇ ਹਨ, ਜੋ ਇਸ ਨੂੰ ਸ਼ਕਤੀਸ਼ਾਲੀ ਅਤੇ ਉੱਨਤ ਰਾਸ਼ਟਰ ਬਣਾ ਸਕਣ ਗੇ । ਸਾਡੇ ਦੇਸ ਵਿੱਚ ਅਨੇਕਾਂ ਭਾਸ਼ਾਵਾਂ ਹਨ ਏਨੀਆਂ ਭਾਸ਼ਾਵਾਂ ਸ਼ਾਇਦ ਦੁਨੀਆਂ ਦੇ ਕਿਸੇ ਹੋਰ ਦੇਸ ਵਿੱਚ ਨਹੀਂ ਹਨ । ਪਰ ਮੰਦੇ ਭਾਗਾਂ ਨੂੰ ਅਸੀਂ ਆਪਣੀ ਗੁਆਂਢੀ ਅਥਵਾਂ ਭਾਸ਼ਾਵਾਂ ਵਿੱਚ ਬਹੁਤ ਘੱਟ ਦਿਲਚਸਪੀ ਲੈਂਦੇ ਹਾਂ । ਇਸ ਲਈ ਸਾਨੂੰ ਉਹਨਾਂ ਦੇ ਅਨਮੋਲ ਭੰਡਾਰਾਂ ਦਾ ਗਿਆਨ ਨਹੀਂ ਹੁੰਦਾ । ਇਸ ਦੇ ਮੁਕਾਬਲੇ ਅਸੀਂ ਅੰਗਰੇਜ਼ੀ, ਫਰਾਂਸੀਸ਼ੀ ਅਤੇ ਜਰਮਨ ਆਦਿ ਭਾਸ਼ਾਵਾਂ ਦੇ ਸਹਿਤ ਅਤੇ ਯੂਰਪੀਨ ਸਭਿਆਚਾਰ ਤੋਂ ਵਧੇਰੇ ਚੰਗੀ ਤਰ੍ਹਾਂ ਜਾਣੂ ਹਾਂ । ਦੇਸ ਦੇ ਭਾਵੁਕ ਅਤੇ ਸਭਿਆਚਾਰਕ ਸੰਗਠਨ ਲਈ ਬੜਾ ਜ਼ਰੂਰੀ ਹੈ ਕਿ ਦੇਸ ਦੇ ਨਾਗਰਿਕ ਦੂਜੀਆਂ ਭਾਸ਼ਾਵਾਂ ਦੀਆਂ ਉੱਚਤਮ ਰਚਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਅਤੇ ਇਸ ਤਰ੍ਹਾਂ ਉਹ ਇਹਨਾਂ ਭਾਸ਼ਾਵਾਂ ਨਾਲ ਸੰਬੰਧਤ ਦੇਸ ਵਾਸੀਆਂ ਦੇ ਜੀਵਨ ਢੰਗ ਅਤੇ ਉਹਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਗਿਆਨ ਹਾਸਲ ਕਰ ਸਕਣ ।'

28 'ਜੋ ਬੀਤ ਗਈ ਸੋ ਬੀਤ ਗਈ' ਦਾ ਭਾਵ ਵਿਸਥਾਰ 100-125 ਸ਼ਬਦਾਂ ਵਿੱਚ ਲਿਖੋ । 5

29 ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਹੇਠ ਲਿਖੇ ਪੀਰਡਾਂ ਨੂੰ ਧਿਆਨ ਵਿੱਚ ਰਖਦੇ ਹੋਏ ਛੇ ਦੀਨਾਂ ਦੇ 48 ਪੀਰਡਾਂ ਦੀ ਤਾਲਿਕਾ ਤਿਆਰ ਕਰੋ । 5

ਅੰਗਰੇਜ਼ੀ 8 ਪੀਰਡ, ਗਣਿਤ 8 ਪੀਰਡ, ਵਿਗਿਆਨ 9 ਪੀਰਡ, ਸਮਾਜਕ ਵਿਗਿਆਨ 9 ਪੀਰਡ, ਪੰਜਾਬੀ 7 ਪੀਰਡ, ਕੰਪਿਊਟਰ 2 ਪੀਰਡ, ਯੋਗਾ 1 ਪੀਰਡ, ਪੀ.ਟੀ. 2 ਪੀਰਡ, ਲਾਇਬਰੇਰੀ 2 ਪੀਰਡ ।

30 'ਚਿੜੀਆਂ' ਇਕਾਂਗੀ ਦੀ ਸਭ ਤੋਂ ਛੋਟੀ ਪਾਤਰ 'ਜੀਨਤ' ਆਪਣੀ ਦਾਦੀ ਅਤੇ ਆਪਣੇ ਪਿਤਾ ਬਾਰੇ ਕੀ ਕੁਝ ਸਮਝਦੀ ਹੈ ਤੇ ਹੋਰ ਪਰਵਾਰ ਦੇ ਜੀਆਂ ਨਾਲ ਕਿਵੇਂ ਵਰਤਦੀ ਹੈ । 100-125 ਸ਼ਬਦਾਂ ਵਿੱਚ ਲਿਖੋ । 5

31 "ਫੂਕ ਮੁਸੱਲਾ ਭੰਨ ਸਿਟ ਲੋਟਾ 5

ਨਾ ਫੜ ਤਸਵੀ ਕਾਸਾ ਸੋਟਾ

ਆਲਮ ਕਹਿੰਦਾ ਦੇ ਦੇ ਹੋਕਾ

ਤਰਕ ਹਲਾਲੋਂ ਖਾ ਮੁਰਦਾਰ

ਇਸ਼ਕ ਦੀ ਨਵੀਂਉ ਨਵੀਂ ਬਹਾਰ ।"

ਇਸ ਕਾਫ਼ੀ ਵਿੱਚ ਸਾਈ ਬੁੱਲੇ ਸ਼ਾਹ ਆਪਣੇ ਮੁਸਲਮਾਨ ਸੂਫ਼ੀ ਫਕੀਰਾਂ ਨੂੰ ਕੀ ਕਹਿਣਾ ਚਾਹੁੰਦਾ ਹੈ ? 100-125 ਸ਼ਬਦਾਂ ਵਿੱਚ ਲਿਖੋ ।

32 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਬਾਰੇ 80-100 ਸ਼ਬਦਾ ਦਾ ਪੈਰਾ ਲਿਖੋ । 4

(i) ਮਿਹਨਤ ਦਾ ਮਹੱਤਵ

(ii) ਸਾਡੀ ਜਿੰਦਗੀ ਦਾ ਉਦੇਸ਼

(iii) ਲੋਕ ਭਲਾਈ ਦਾ ਅਰਥ

(iv) ਮੇਰਾ ਮਨ ਪਸੰਦ ਅਧਿਆਪਕ

33 ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਤੁਹਾਡੇ ਸ਼ਹਿਰ ਵਿੱਚ ਵਧ ਰਹੀ ਗੁੰਡਾ ਗਰਦੀ ਨੂੰ ਠੱਲ ਪਾਉਣ ਲਈ ਸੁਝਾਅ ਲਿਖ ਕੇ ਭੇਜੋ । 8

ਜਾਂ

ਉਪਨ ਸਕੂਲ ਦੇ ਨਿਦੇਸ਼ਕ (ਅਕਾਦਮਿਕ) ਨੂੰ ਪ੍ਰਾਰਥਨਾ ਪੱਤਰ ਲਿਖੋ ਕਿ ਬਾਰ੍ਹਵੀਂ ਜਮਾਤ ਵਿੱਚ ਵੀ ਪੰਜਾਬੀ ਭਾਸ਼ਾ ਦੀ ਪੜ੍ਹਾਈ ਸ਼ੁਰੂ ਕੀਤੀ ਜਾਵੇ ।

34 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਬਾਰੇ ਲਗਭਗ 200 ਸ਼ਬਦਾਂ ਦਾ ਲੇਖ ਲਿਖੋ : 10

(i) ਭਰਿਸ਼ਟਾਚਾਰ ਇੱਕ ਕਲੰਕ

(ii) ਮੁਬਾਈਲ ਫੋਨ ਦੇ ਲਾਭ ਤੇ ਹਾਨੀਆਂ

(iii) 'ਨਾਨਕ ਦੁੱਖੀਆ ਸਭ ਸੰਸਾਰ'

(iv) ਦਿੱਲੀ ਵਿੱਚ ਮੈਟਰੋ ਰੇਲ ਦਾ ਸਫਰ

(v) ਨੇਤਾ ਜੀ ਸੁਭਾਸ਼ ਚੰਦਰ ਬੋਸ਼